# cbsemath.com

## ਪਾਠ - ਗੁਰੂ ਨਾਨਕ ਦੇਵ ਜੀ
## ਕਵਿਤਾ - ਸੋ ਕਿਉ ਮੰਦਾ ਆਖੀਐ
## (ਸਾਹਿਤ ਦੀਪਿਕਾ)

ਪ੍ਰਸ਼ਨ-6 ਤੇ ਅਧਾਰਤ ਇੱਕ-ਇੱਕ ਵਾਕ ਵਾਲੇ ਪ੍ਰਸ਼ਨ-

(1)''ਸੋ ਕਿਉ ਮੰਦਾ ਆਖੀਐ'' ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਸ ਰਚਨਾ ਵਿੱਚੋਂ ਲਿਆ ਗਿਆ ਹੈ?
ਉੱਤਰ-''ਸੋ ਕਿਉ ਮੰਦਾ ਆਖੀਐ'' ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ''ਆਸਾ ਦੀ ਵਾਰ'' ਵਿੱਚੋਂ ਲਿਆ ਗਿਆ ਹੈ।

(2)ਇਸ ਸਲੋਕ ਰਾਹੀਂ ਗੁਰੂ ਜੀ ਨੇ ਕੀ ਸੁਦੇਸ਼ ਦਿੱਤਾ ਹੈ?
ਉੱਤਰ-ਇਸ ਸਲੋਕ ਰਾਹੀਂ ਗੁਰੂ ਜੀ ਇਸਤਰੀ ਦੀ ਲੋੜ ਅਤੇ ਪ੍ਰਧਾਨਤਾ ਨੂੰ ਪਛਾਨਣ ਦਾ ਸੰਦੇਸ਼ ਦੇ ਰਹੇ ਹਨ।

(3)ਇਸਤਰੀ ਨੂੰ ਮੰਦਾ ਕਹਿਣਾ ਕਿਉਂ ਠੀਕ ਨਹੀਂ?
ਉੱਤਰ-ਇਸਤਰੀ ਨੂੰ ਮੰਦਾ ਕਹਿਣਾ ਇਸ ਲਈ ਠੀਕ ਨਹੀਂ ਕਿਉਂਕਿ ਇਸ ਤੋਂ ਰਾਜੇ-ਮਹਾਰਾਜੇ ਵੀ ਜਨਮ ਲੈਂਦੇ ਹਨ।

(4)ਕਿੰਨ੍ਹਾਂ ਦੇ ਮੁੱਖ ਉਜਲੇ ਹਨ?
ਉੱਤਰ-ਪ੍ਰਮਾਤਮਾ ਦੇ ਦਰਬਾਰ ਵਿੱਚ ਉਸ ਨੂੰ ਸਲਾਹੁਣ ਵਾਲਿਆਂ ਦੇ ਮੁੱਖ ਉਜਲੇ ਹਨ।

(5)ਕੌਣ ਇਸਤਰੀ ਤੋਂ ਬਾਹਰਾ ਹੈ?
ਉੱਤਰ-ਕੇਵਲ ਪ੍ਰਮਾਤਮਾ ਹੀ ਇਸਤਰੀ ਤੋਂ ਬਾਹਰਾ ਹੈ।

(6)ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?
ਉੱਤਰ-ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ।

(7)ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਕੋਈ ਦੋ ਰੁੱਖ ਰਚਨਾਵਾਂ ਦੇ ਨਾਂ ਲਿਖੋ।

ਉੱਤਰ-ਜਪੁਜੀ ਸਾਹਿਬ ਅਤੇ ਪੱਟੀ ਗੁਰੂ ਨਾਨਕ ਦੇਵ ਜੀ ਦੀਆਂ ਦੋ ਮੁੱਖ ਰਚਨਾਵਾਂ ਹਨ।

ਪ੍ਰਸ਼ਨ-7 ਤੇ ਅਧਾਰਤ 40-50 ਸ਼ਬਦਾਂ ਵਾਲੇ ਪ੍ਰਸ਼ਨ-

(1)''ਸੋ ਕਿਉ ਮੰਦਾ ਆਖੀਐ''ਦਾ ਕੇਂਦਰੀ ਭਾਵ ਲਿਖੋ।
ਉੱਤਰ-ਮਨੁੱਖੀ ਜੀਵਨ ਵਿੱਚ ਇਸਤਰੀ ਦੀ ਬੜੀ ਮਹਾਨਤਾ ਹੈ।ਇਸ ਦੁਆਰਾ ਸਾਰੇ ਸੰਸਾਰ ਦੀ ਉਤਪਤੀ ਹੋਈ ਹੈ,ਕੇਵਲ ਪ੍ਰਮਾਤਮਾ ਹੀ ਇਸ ਤੋਂ ਬਾਹਰਾ ਹੈ।ਇਸ ਨੂੰ ਮੰਦਾ ਕਹਿਣਾ ਠੀਕ ਨਹੀਂ ਕਿਉਂਕਿ ਇਸ ਤੋਂ ਰਾਜੇ-ਮਹਾਰਾਜੇ ਵੀ ਜਨਮ ਲੈਂਦੇ ਹਨ।

(2)ਇਸਤਰੀ ਦੀ ਸੰਸਾਰ ਵਿੱਚ ਕੀ ਮਹਾਨਤਾ ਹੈ?
ਉੱਤਰ-ਮਨੁੱਖੀ ਜੀਵਨ ਦਾ ਜਨਮ ਤੋਂ ਨਰਕ ਤੱਕ ਹਰ ਪੜਾਅ ਇਸਤਰੀ ਨਾਲ ਜੁੜਿਆ ਹੋਇਆ ਹੈ।ਇਸਤਰੀ ਤੋਂ ਕੇਵਲ ਪ੍ਰਮਾਤਮਾ ਹੀ ਬਾਹਰਾ ਹੈ।ਰਾਜੇ-ਮਹਾਰਾਜੇ ਵੀ ਇਸ ਦੀ ਕੁੱਖੋਂ ਹੀ ਜਨਮ ਲੈਂਦੇ ਹਨ।

(3)ਮਨੁੱਖ ਦਾ ਇਸਤਰੀ ਨਾਲ ਕੀ ਸੰਬੰਧ ਹੈ?
ਉੱਤਰ-ਮਨੁੱਖ ਦੀ ਇਸਤਰੀ ਤੋਂ ਬਿਨ੍ਹਾਂ ਹੋਂਦ ਸੰਭਵ ਨਹੀਂ।ਇਸਤਰੀ ਦੇ ਪੇਟ ਵਿੱਚ ਉਸਦੇ ਸ਼ਰੀਰ ਬਣਨ ਤੋਂ ਲੈਕੇ ਜਨਮ, ਕੁੜਮਾਈ, ਵਿਆਹ, ਰਿਸ਼ਤੇਦਾਰੀ ਤੇ ਹੋਰਨਾਂ ਨਾਲ ਸੰਬੰਧ ਤੱਕ ਉਹ ਇਸਤਰੀ ਤੇ ਹੀ ਨਿਰਭਰ ਕਰਦਾ ਹੈ।

(4)ਇਸਤਰੀ ਦਾ ਅਪਮਾਨ ਕਿਉਂ ਨਹੀਂ ਕਰਨਾ ਚਾਹੀਦਾ?
ਉੱਤਰ-ਇਸਤਰੀ ਦਾ ਅਪਮਾਨ ਇਸ ਲਈ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸਾਰੇ ਸੰਸਾਰ ਦੀ ਜਨਮਦਾਤੀ ਹੈ।ਵੱਡੇ-ਵੱਡੇ ਰਾਜੇ-ਮਹਾਰਾਜੇ ਵੀ ਇਸ ਦੀ ਕੁੱਖੋਂ ਜਨਮ ਲੈਂਦੇ ਹਨ।ਇਸ ਦੀ ਮਨੁੱਖੀ ਜੀਵਨ ਵਿੱਚ ਬੜੀ ਮਹਾਨਤਾ ਹੈ।

ਪ੍ਰਸ਼ਨ-11 ਤੇ ਅਧਾਰਤ ਪ੍ਰਸ਼ਨ ਹੱਲ ਸਹਿਤ-

(1)ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹ।।
ਭੰਡੁ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਪ੍ਰਸ਼ਨ-

(ੳ)ਇਸ ਕਾਵਿ-ਬੰਦ ਦਾ ਸਿਰਲੇਖ ਅਤੇ ਰਚਨਹਾਰ ਦਾ ਨਾਂ ਲਿਖੋ।
(ਅ)ਕਿਸ ਦੁਆਰਾ ਸੰਸਾਰ ਦਾ ਵਿਕਾਸ ਹੁੰਦਾ ਹੈ?
(ੲ)ਇੱਕ ਇਸਤਰੀ ਦੇ ਮਰਨ ਤੋਂ ਬਾਅਦ ਮਨੁੱਖ ਕੀ ਕਰਦਾ ਹੈ?
(ਸ)ਇਸਤਰੀ ਨੂੰ ਮੰਦਾ ਕਹਿਣਾ ਕਿਉਂ ਠੀਕ ਨਹੀਂ?

ਉੱਤਰ-
(ੳ)ਇਸ ਕਾਵਿ-ਬੰਦ ਦਾ ਸਿਰਲੇਖ ''ਸੋ ਕਿਉ ਮੰਦਾ ਆਖੀਐ'' ਹੈ ਅਤੇ ਇਸ ਦੇ ਰਚਨਹਾਰ ''ਸ਼੍ਰੀ ਗੁਰੂ ਨਾਨਕ ਦੇਵ'' ਜੀ ਹਨ।
(ਅ)ਇਸਤਰੀ ਦੁਆਰਾ ਸੰਸਾਰ ਦਾ ਵਿਕਾਸ ਹੁੰਦਾ ਹੈ।
(ੲ)ਇੱਕ ਇਸਤਰੀ ਦੇ ਮਰਨ ਤੋਂ ਬਾਅਦ ਮਨੁੱਖ ਦੂਜੀ ਇਸਤਰੀ ਦੀ ਭਾਲ ਕਰਦਾ ਹੈ ਤੇ ਉਸ ਨਾਲ ਰਿਸ਼ਤਾ ਕਾਇਮ ਕਰਦਾ ਹੈ।
(ਸ)ਇਸਤਰੀ ਮੰਦਾ ਕਹਿਣਾ ਇਸਲਈ ਠੀਕ ਨਹੀਂ ਕਿਉਂਕਿ ਇਸ ਤੋਂ ਵੱਡੇ-ਵੱਡੇ ਰਾਜੇ-ਮਹਾਰਾਜੇ ਤੱਕ ਜਨਮ ਲੈਂਦੇ ਹਨ।

(2)ਭੰਡਹੁ ਹੀ ਭੰਡ ਊਪਜੈ ਭੰਡ ਬਾਝੁ ਨ ਕੋਇ।।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ।।
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ।।

ਪ੍ਰਸ਼ਨ-
(ੳ)ਇਸ ਕਾਵਿ-ਬੰਦ ਦਾ ਸਿਰਲੇਖ ਅਤੇ ਰਚਨਹਾਰ ਦਾ ਨਾਂ ਲਿਖੋ।
(ਅ)ਇਸਤਰੀ ਤੋਂ ਬਾਹਰ ਕੌਣ ਹੈ?
(ੲ)ਕਿਸ ਦੀ ਸਿਫਤ ਨਾਲ ਸੱਚੇ ਦਰਬਾਰ ਵਿੱਚ ਕਦਰ ਪੈਂਦੀ ਹੈ?
(ਸ)ਉੱਜੜੇ ਮੁੱਖ ਵਾਲੇ ਕੌਣ ਹੁੰਦੇ ਹਨ?

ਉੱਤਰ-
(ੳ)ਇਸ ਕਾਵਿ-ਬੰਦ ਦਾ ਸਿਰਲੇਖ ''ਸੋ ਕਿਉ ਮੰਦਾ ਆਖੀਐ'' ਹੈਅਤੇ ਇਸ ਦੇ ਰਚਨਹਾਰ ''ਸ਼੍ਰੀ ਗੁਰੂ ਨਾਨਕ ਦੇਵ'' ਜੀ ਹਨ।
(ਅ)ਇਸਤਰੀ ਤੋਂ ਬਾਹਰ ਕੇਵਲ ਪ੍ਰਮਾਤਮਾ ਹੈ।
(ੲ)ਪ੍ਰਮਾਤਮਾ ਦੀ ਸਿਫਤ ਕਰਨ ਨਾਲ ਸੱਚੇ ਦਰਬਾਰ ਵਿੱਚ ਕਦਰ ਪੈਂਦੀ ਹੈ।
(ਸ)ਜਿਹੜੇ ਸਦਾ ਪ੍ਰਭੂ ਦੀ ਸਿਫਤ-ਸਲਾਹ ਕਰਦੇ ਹਨ,ਉਹ ਹੀ ਉਜਲੇ ਮੁੱਖ ਵਾਲੇ ਹੁੰਦੇ ਹਨ।

**This poem has been solved as a sample strictly according to the latest syllabus and pattern prescribed by CBSE. All the other lessons of SAHIT DIPIKA and SAHIT VANGIAN are also available.**

cbsemath.com cbsemath.com